# ਜਨ ਕੀ ਕੇਤਕ ਉਪਮਾ ਕਹੀਐ

**ਸੋਰਠਿ ਮਹਲਾ ੫ ॥**

ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੬੧੦ ਤੇ, ਸੋਰਠਿ ਰਾਗ ਵਿਚ ਅੰਕਤ ਹੈ।

ਇਸ ਸ਼ਬਦ ਵਿਚ ਸੰਤ ਜਨਾਂ ਦੀ ਮਹਿਮਾ ਗਾਈ ਗਈ ਹੈ। ਸੰਤ, ਸਾਧੂ, ਭਗਤ, ਜਨ ਪ੍ਰਭੂ ਦੇ ਵਰੋਸਾਏ ਹੋਏ ਹੁੰਦੇ ਹਨ। ਪਰ ਪ੍ਰਭੂ ਇਸ ਦੁਨੀਆਂ ਨੂੰ ਸੰਤ ਜਨਾਂ ਦੇ ਰਾਹੀ ਹੀ ਚਲਾਉਂਦਾ ਹੈ। ਇਸ ਦੁਨੀਆਂ ਦੇ ਪ੍ਰਬੰਧ ਲਈ, ਜੋ ਕੁਝ ਸੰਤ ਜਨ ਕਰਦੇ ਹਨ, ਉਹ ਪ੍ਰਭੂ ਦੀ ਰਜ਼ਾ ਵਿਚ ਹੀ ਹੁੰਦਾ ਹੈ, ਪਰ ਹੁੰਦਾ ਸੰਤਾਂ ਭਗਤਾਂ ਰਾਹੀਂ ਹੀ ਹੈ। ਸਾਧੂ, ਸਾਧ, ਸਾਧ ਜਨ, ਉਹ ਸ੍ਰੇਸ਼ਟ ਪੁਰਸ਼ ਹਨ ਜਿਨ੍ਹਾਂ ਦੇ ਅੰਦਰ, ਹਿਰਦੇ ਵਿਚ ਪ੍ਰਭੂ ਦਾ ਨਾਮ ਧਰਿਆ ਪਿਆ ਹੈ, ਵਸਦਾ ਹੈ ਅਤੇ ਮਨੁਖ ਜਿਹੜੇ ਛੋਹਣ ਯੋਗ ਵੀ ਨਹੀਂ ਸਨ, ਭਾਵ, ਨੀਚ ਸਨ, ਉਹ ਵੀ ਸਾਧੂ ਜਨਾਂ ਦੀ ਸੰਗਤਿ ਕਰਣ ਕਰ ਕੇ ਉਹ ਜਨ ਵੀ ਪ੍ਰਭੂ ਦਾ ਦਰਸ਼ਨ ਪ੍ਰਾਪਤ ਕਰ ਗਏ - 'ਸਾਧੂ ਸਾਧ ਸਾਧ **ਜਨ ਨੀਕੇ** ਜਿਨ੍ ਅੰਤਰਿ ਨਾਮੁ ਧਰੀਜੈ।। ਪਰਸ ਨਿਪਰਸੁ ਭਏ ਸਾਧੂ ਜਨ ਜਨੁ ਹਰਿ ਭਗਵਾਨੁ ਦਿਖੀਜੈ।।', ਪੰਨਾ ੧੩੨੪. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਬਚਨ ਹਨ ਕਿ ਸੰਤ ਉਹੀ ਹੁੰਦਾ ਹੈ ਜੋ ਪ੍ਰਭੂ ਨੂੰ ਭਾਅ ਗਿਆ ਹੁੰਦਾ ਹੈ ਅਤੇ ਸੰਤ ਦੇ ਕੰਮ ਵੀ ਉਹੀ ਹੁੰਦੇ ਹਨ ਜੋ ਪ੍ਰਭੂ ਦੇ ਹੁੰਦੇ ਹਨ। ਜਾਂ ਇਉਂ ਕਹਿ ਲਈਏ, ਪ੍ਰਭੂ ਆਪਣੀਆਂ ਸ਼ਕਤੀਆਂ ਅਤੇ ਕੰਮ, ਆਪਣੇ ਭਗਤਾਂ ਰਾਹੀਂ ਵਰਤਦਾ ਹੈ, ਉਨ੍ਹਾਂ ਨੂੰ ਆਪਣੀਆਂ ਸ਼ਕਤੀਆਂ delegate ਕਰ ਦਿੰਦਾ ਹੈ - 'ਸੋਈ ਸੰਤੁ ਜਿ ਭਾਵੈ ਰਾਮ।। ਸੰਤ ਗੋਬਿੰਦ ਕੈ ਏਕੈ ਕਾਮ।।', ਪੰਨਾ ੮੬੭.

**ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ ॥**

**ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ਸਰਬ ਕੁਸਲ ਤਬ ਥੀਆ ॥੧॥**

-- ਸ੍ਰੀ ਗੁਰੂ ਅਰਜਨ ਸਾਹਿਬ ਉਪਦੇਸ਼ ਰੂਪ ਵਿਚ ਫ਼ੁਰਮਾਣ ਕਰਦੇ ਹਨ ਕਿ ਮੈਂ ਆਪਣਾ ਤਨ, ਧਨ ਅਤੇ ਮਨ ਸੰਤ ਜਨਾਂ ਦੇ ਹਵਾਲੇ ਕਰ ਦਿਤਾ ਹੈ,

-- ਅਜਿਹਾ ਕਰਣ ਨਾਲ ਸੰਤ ਜਨਾਂ ਦੀ, ਮੇਰੇ ਤੇ ਕਿਰਪਾ ਹੋਈ ਹੈ ਅਤੇ ਮੈਂ ਪ੍ਰਭੂ ਦਾ ਨਾਮ ਧਿਆ ਲਿਆ ਹੈ, ਭਾਵ, ਮੈਨੂੰ ਨਾਮ ਦੀ ਦਾਤ ਪ੍ਰਾਪਤ ਹੋ ਗਈ ਹੈ, ਜਿਸ ਨਾਲ ਸਭ ਕਲਿਆਣਕਾਰੀ ਹੋ ਗਿਆ ਹੈ।੧।

ਸ੍ਰੀ ਗੁਰੂ ਨਾਨਕ ਸਾਹਿਬ ਦਾ, ਪੰਨਾ ੪੧੩ ਤੇ, ਫ਼ੁਰਮਾਣ ਹੈ ਕਿ ਜੋ ਮੇਰੇ ਅੰਦਰ ਮੇਰੀ ਗੁਰੂ ਨਾਲ ਪ੍ਰੀਤ ਪੈਦਾ ਕਰ ਦਏ, ਉਸ ਨੂੰ ਮੈਂ ਆਪਣਾ ਤਨ ਮਨ ਸੌਂਪ ਦੇਵਾਂ - 'ਤਨੁ ਮਨੁ ਸਉਪਉ ਕ੍ਰਿਸਨ ਪਰੀਤਿ।।' ਇਥੇ 'ਕ੍ਰਿਸਨ' ਸ਼ਬਦ ਗੁਰ-ਜੋਤਿ ਲਈ ਵਰਤਿਆ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਹਨ ਕਿ ਜੋ ਕੋਈ ਆ ਕੇ ਮੈਨੂੰ ਮੇਰੇ ਪ੍ਰੀਤਮ ਗੁਰੂ/ਪ੍ਰਭੂ ਨਾਲ ਮਿਲਾ ਦਏ, ਮੈਂ ਉਸ ਅਗੇ ਆਪਣਾ ਆਪਾ ਵੇਚ ਦਿਆਂ - 'ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ।।', ਪੰਨਾ ੭੫੭.

ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਇਤਿਹਾਸਕ ਹਵਾਲੇ ਦਿਤੇ ਹਨ ਕਿ ਭਗਤ ਨਾਮਦੇਵ, ਜੈਦੇਵ, ਕਬੀਰ, ਤ੍ਰਿਲੋਚਨ, ਰਵਿਦਾਸ, ਧੰਨਾ, ਸੈਣ ਆਦਿ ਜੋ ਜੋ ਵੀ ਸੰਤ ਜਨਾਂ ਦੀ ਸੰਗਤਿ ਕਰਦੇ ਰਹੇ ਹਨ, ਉਨ੍ਹਾਂ ਸਾਰਿਆਂ ਨੂੰ ਦਇਆਲੂ ਹਰੀ ਪ੍ਰਭੂ ਮਿਲਣ ਦਾ ਸੁਖ ਪ੍ਰਾਪਤ ਹੋਇਆ - 'ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ।। ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ।।' ਪੰਨਾ ੮੩੫.

ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਭਗਤ ਜਨਾਂ ਨੇ ਕਿਰਪਾ ਕਰਕੇ ਮੇਰੇ ਅੰਦਰ ਪ੍ਰਭੂ ਦਾ ਨਾਮ ਪ੍ਰਗਟ ਕਰ ਦਿਤਾ ਹੈ, ਫ਼ਲਸਰੂਪ ਨਾਮ ਜਪਣ ਨਾਲ ਹਿਰਦੈ ਵਿਚ ਸੁਖ ਪ੍ਰਾਪਤ ਹੋ ਗਿਆ ਹੈ - 'ਸਿਮਰਤ ਨਾਮੁ ਰਿਦੈ ਸੁਖੁ

ਪਾਇਆ।। ਕਰਿ ਕਿਰਪਾ ਭਗਤੀ ਪ੍ਰਗਟਾਇਆ।।', ਪੰਨਾ ੧੦੮. ਜੋ ਮੈਨੂੰ ਮੇਰਾ ਪ੍ਰਭੂ ਮਿਲਾ ਦਏ ਉਸ ਨੂੰ ਮੈਂ ਆਪਣਾ ਤਨ, ਮਨ, ਧਨ ਸਭ ਸੌਂਪ ਦਿਆਂ ਅਤੇ ਉਹ ਮੇਰਾ ਹਰ ਤਰ੍ਹਾਂ ਦਾ ਭਰਮ ਕਟ ਕੇ ਮੈਨੂੰ ਜਮਾਂ ਦੇ ਡਰ ਤੋਂ ਬਚਾ ਲਏ - 'ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ।। ਨਾਨਕ ਭ੍ਰਮ ਭਉ ਕਾਟੀਐ ਚੂਕੈ ਜਮ ਕੀ ਜੋਹ।।', ਪੰਨਾ ੨੫੬. ਅਗੇ ਬਚਨ ਕਰਦੇ ਹਨ ਕਿ ਕੋਈ ਵਾਹਗੁਰੂ ਦਾ ਜਨ, ਭਗਤ, ਪਿਆਰਾ ਮਨੁਖ ਮੈਨੂੰ ਹਰੀ ਨਾਲ ਜੋੜ ਦਏ, ਮੈਂ ਉਸ ਦੇ ਚਰਨ ਪਕੜ ਲਵਾਂ, ਆਪਣੀ ਜਿਹਵਾ ਨਾਲ ਉਸ ਦਾ ਸ਼ੁਕਰ ਸ਼ੁਕਰ ਗੁਜ਼ਾਰਾਂ ਅਤੇ ਉਸ ਨੂੰ ਆਪਣੇ ਪ੍ਰਾਣ ਵੀ ਸੌਂਪ ਦਿਆਂ - 'ਕੋਈ ਜਨੁ ਹਰਿ ਸਿਉ ਦੇਵੈ ਜੋਰਿ।। ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ।।', ਪੰਨਾ ੭੦੧. ਹੋਰ ਬਚਨ ਹਨ ਕਿ ਜੇ ਕਿਸੇ ਰਬ ਦੇ ਪਿਆਰੇ ਤੋਂ ਇਹ ਚੰਗੀ ਮਤ ਆ ਜਾਏ, ਜਿਸ ਨਾਲ ਮੈਂ 'ਹਰਿ ਹਰਿ', ਭਾਵ, ਵਾਹਿਗੁਰੂ ਵਾਹਿਗੁਰੂ.. ਜਪ ਲਵਾਂ ਤਾਂ ਮੈਂ ਅਜਿਹੇ ਪਿਆਰੇ ਨੂੰ ਆਪਣਾ ਤਨ, ਮਨ, ਧਨ ਸਭ ਸੌਂਪ ਦਿਆਂ - 'ਤਨੁ ਮਨੁ ਧਨੁ ਅਰਪਉ ਸਭੁ ਅਪਨਾ।। ਕਵਨ ਸੁ ਮਤਿ ਜਿਤੁ ਹਰਿ ਹਰਿ ਜਪਨਾ।।', ਪੰਨਾ ੮੦੪.

**ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥**

**ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥ ਰਹਾਉ ॥**

-- ਸੰਤ ਜਨਾਂ ਤੋਂ ਬਿਨਾਂ ਹੋਰ ਕੋਈ ਨਾਮ ਦਾ ਦਾਤਾ, ਮੁਕਤੀ ਦਾ ਦਾਤਾ ਕੋਈ ਦੂਜਾ ਨਹੀਂ। ਸ਼ਬਦ 'ਸੰਤਨ' ਬਹੁਵਚਨ ਹੈ। 'ਸੰਤਨ' ਭਗਤ ਜਨ ਹੀ ਹੋ ਸਕਦੇ ਹਨ, ਆਮ ਵਿਅਕਤੀਆਂ ਦਾ ਸਮੂਹ ਨਹੀਂ।

ਖ਼ਜ਼ਾਨੇ ਦਾ ਦੇਣ ਵਾਲਾ ਜਾਂ ਦਾਤਾ, ਉਹੀ ਹੋ ਸਕਦਾ ਹੈ ਜਿਸ ਕੋਲ ਇਹ ਅਤੁਟ ਖ਼ਜ਼ਾਨਾ ਹੋਵੇ। ਸੰਤ ਜਨਾਂ ਕੋਲ ਹਰ ਤਰ੍ਹਾਂ ਦੀ ਰਾਸ ਪੂੰਜੀ ਹੈ। ਜਿਥੇ ਕੋਈ ਵਸਤੂ ਉਪਲਬਧ ਹੁੰਦੀ ਹੈ, ਉਥੋਂ ਹੀ ਮਿਲ ਸਕਦੀ ਹੈ, ਦੂਜੀ ਥਾਂ ਤੋਂ

ਨਹੀਂ। ਕਿਰਿਆਨੇ ਦੀ ਦੁਕਾਨ ਤੋਂ ਸੋਨਾ ਜਾਂ ਹੀਰੇ ਮੋਤੀ ਮਾਣਕ ਆਦਿ ਨਹੀਂ ਮਿਲ ਸਕਦੇ। ਗੁਰਬਾਣੀ ਅਨੁਸਾਰ ਰਾਮ ਨਾਮ ਰੂਪੀ ਰਤਨਾਂ ਦਾ ਖ਼ਜ਼ਾਨਾ ਸਾਧੂ ਕੋਲ ਹੈ, ਉਸ ਦੀ ਸ਼ਰਣ ਵਿਚੋਂ ਹੀ ਇਹ ਪ੍ਰਾਪਤ ਹੁੰਦਾ ਹੈ, ਜਿਵੇਂ ਕਿ ਪੰਜਵੇਂ ਪਾਤਸ਼ਾਹ ਦਾ ਫ਼ੁਰਮਾਣ ਹੈ - 'ਮਿਲਿ ਸਾਧੂ ਸਰਣਿ ਗਹੁ ਪੂਰਨ ਰਾਮ ਰਤਨੁ ਹੀਅਰੇ ਸੰਗਿ ਰਾਖੁ।।', ਪੰਨਾ ੨੦੪. ਪਾਤਸ਼ਾਹ, ੧੨੮੪ ਪੰਨੇ ਤੇ ਸਪੱਸ਼ਟ ਕੀਤਾ ਹੈ ਕਿ ਸਭ ਹੀਰੇ ਰਤਨ ਜਵਾਹਰ ਮਾਣਕ ਆਦਿ ਉਨ੍ਹਾਂ ਦੇ ਮਥੇ ਤੇ ਹਨ ਜੋ ਪ੍ਰਭੂ ਨੂੰ ਪਿਆਰੇ ਲਗ ਗਏ ਹਨ, ਉਸ ਨੂੰ ਭਾਅ ਗਏ ਹਨ - 'ਰਤਨ ਜਵੇਹਰ ਮਾਣਕਾ ਹਭੇ ਮਣੀ ਮਥੰਨਿ।। ਨਾਨਕ ਜੋ ਪ੍ਰਭਿ ਭਾਣਿਆ ਸਚੈ ਦਰਿ ਸੋਹੰਨਿ।।'

ਸਭ ਤੋਂ ਵਡਾ ਖ਼ਜ਼ਾਨਾ ਵਾਹਗੁਰੂ ਦਾ ਅੰਮ੍ਰਿਤਮਈ ਨਾਮ ਹੈ ਜਿਸਦਾ ਨਿਵਾਸ ਭਗਤਾਂ ਦੇ ਹਿਰਦੇ ਵਿਚ ਹੀ ਹੈ ਜੋ ਸੁਖਮਨੀ ਸਾਹਿਬ ਵਿਚ ਦੋ ਵੇਰ ਫ਼ੁਰਮਾਣ ਆਇਆ ਹੈ। 'ਰਹਾਉ' ਦੀ ਪੰਕਤੀ ਸਾਰੇ ਸ਼ਬਦ ਜਾਂ ਸਾਰੀ ਬਾਣੀ ਦਾ ਸਾਰ ਹੁੰਦੀ ਹੈ। ਸੁਖਮਨੀ ਸਾਹਿਬ ਦੀ 'ਰਹਾਉ' ਦੀ ਪੰਕਤੀ ਵਿਚ ਸਪੱਸ਼ਟ ਫ਼ੁਰਮਾਣ ਹੈ ਕਿ ਵਾਹਿਗੁਰੂ ਦਾ ਅੰਮ੍ਰਿਤਮਈ ਨਾਮ ਭਗਤਾਂ ਦੇ ਹਿਰਦੇ ਵਿਚ ਹੀ ਵਸਦਾ ਹੈ - 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।। ਭਗਤ ਜਨਾ ਕੈ ਮਨਿ ਬਿਸ੍ਰਾਮ।।', ਪੰਨਾ ੨੬੨. 'ਰਹਾਉ' ਦੀ ਪੰਕਤੀ ਦਾ ਭਾਵ ਹੀ ਸਾਰੀ ਬਾਣੀ ਵਿਚ ਘੁੰਮ ਰਿਹਾ ਹੁੰਦਾ ਹੈ। ਸੋ ਸੁਖਮਨੀ ਸਾਹਿਬ ਦਾ ਸਮੁਚਾ ਭਾਵ ਹੀ ਇਹੀ ਹੋਇਆ ਕਿ ਸੁਖਾਂ ਦਾ ਖ਼ਜ਼ਾਨਾ ਵਾਹਗੁਰੂ ਦਾ ਅੰਮ੍ਰਿਤਮਈ ਨਾਮ ਹੈ ਅਤੇ ਇਸ ਦਾ ਵਾਸਾ ਭਗਤਾਂ ਦੇ ਹਿਰਦੇ ਵਿਚ ਹੈ। ਫ਼ਿਰ ਸੁਖਮਨੀ ਸਾਹਿਬ ਦੇ ਅਖੀਰ ਤੇ ਇਹੀ ਸਚਿਆਈ ਮੁੜ ਯਾਦ remind ਕਰਵਾਈ ਹੈ - 'ਗੋਬਿੰਦ ਭਗਤ ਕੈ ਮਨਿ ਬਿਸ੍ਰਾਮ।।', ਪੰਨਾ ੨੯੬.

ਇਸ ਨੂੰ ਪੰਨਾ ੮੯੩ ਤੇ ਬਹੁਤ ਖ਼ੂਬੀ ਨਾਲ ਬਿਆਨ ਕੀਤਾ ਹੈ ਕਿ ਨਾਮ ਹੀ ਰਤਨ ਜਵਾਹਰ ਹਨ, ਇਸੇ ਵਿਚ ਹੀ ਸਤ, ਸੰਤੋਖ ਅਤੇ ਰਬੀ ਗਿਆਨ

ਆਦਿ ਗੁਣ ਸਮਾਏ ਹੋਏ ਹਨ। ਸੁਖ, ਸਹਜ ਅਤੇ ਦਇਆ ਆਦਿ ਸਾਰੇ ਖ਼ਜ਼ਾਨੇ ਹਰੀ ਪ੍ਰਭੂ ਨੇ ਆਪਣੇ ਭਗਤਾਂ ਦੇ ਹਵਾਲੇ ਕੀਤੇ ਹੋਏ ਹਨ - 'ਰਤਨ ਜਵੇਹਰ ਨਾਮ।। ਸਤੁ ਸੰਤੋਖੁ ਗਿਆਨ।। ਸੂਖ ਸਹਜ ਦਇਆ ਕਾ ਪੋਤਾ।। ਹਰਿ ਭਗਤਾ ਹਵਾਲੈ ਹੋਤਾ।।' ਫ਼ਿਰ ਅਗੇ ਹੋਰ ਸਪੱਸ਼ਟ ਕਰਦੇ ਹਨ ਕਿ ਇਸ ਖ਼ਜ਼ਾਨੇ ਦੀ ਜਿਸ ਨੂੰ ਵੀ ਹਰੀ ਪ੍ਰਭੂ ਨੇ ਬਖ਼ਸ਼ਿਸ਼ ਕਰ ਕੇ ਇਹ ਖ਼ਜ਼ਾਨਾ ਦਿਵਾਉਣਾ ਹੋਵੇ, ਉਸ ਨੂੰ ਸਾਧੂ ਦੀ ਸੰਗਤਿ ਤੋਂ ਹੀ ਇਹ ਖ਼ਜ਼ਾਨਾ ਪ੍ਰਾਪਤ ਹੁੰਦਾ ਹੈ - 'ਕਰਿ ਕਿਰਪਾ ਜਿਸੁ ਆਪਿ ਦਿਵਾਇਆ।। ਸਾਧ ਸੰਗਿ ਤਿਨਿ ਹਰਿ ਧਨੁ ਪਾਇਆ।।' ਫ਼ਿਰ ਜੇ ਬੰਦਾ ਇਸ ਨੂੰ ਹੋਰ ਥਾਈਂ ਲਭਣ ਦਾ ਉਪਰਾਲਾ ਕਰੇ ਤਾਂ ਉਸ ਦੀ ਗਲਤੀ ਹੀ ਹੈ। ਇਹ ਅਮੋਲਕ ਵਸਤੂ, ਰਾਮ ਦਾ ਨਾਮ ਹੀ ਮਨੁਖ ਲੈਣ ਆਇਆ ਹੈ ਜੋ ਸੰਤ ਜਨਾਂ ਤੋਂ ਹੀ ਪ੍ਰਾਪਤ ਹੁੰਦਾ ਹੈ ਹੈ - 'ਜਿਸੁ ਵਖਰ ਕਉ ਲੈਨਿ ਤੂ ਆਇਆ।। ਰਾਮ ਨਾਮੁ ਸੰਤਨ ਘਰਿ ਪਾਇਆ।।', ਪੰਨਾ ੨੮੩.

-- ਜੋ ਜੋ ਵੀ ਮਨੁਖ ਸਾਧੂ ਦੀ ਸ਼ਰਣ ਵਿਚ ਪੈ ਗਿਆ ਉਹ ਉਹ ਭਵਜਲ ਸੰਸਾਰ ਸਾਗਰ ਤੋਂ ਪਾਰ ਕਰ ਦਿਤਾ ਗਿਆ।ਰਹਾਉ।

ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਹੇ ਭਾਈ ! ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣ ਜਾ, ਕਿਉਂਕਿ ਗੁਰੂ ਦੀ ਪ੍ਰਾਪਤੀ ਉਨ੍ਹਾਂ ਦੀ ਸੰਗਤਿ ਤੋਂ ਹੀ ਹੁੰਦੀ ਹੈ, ਉਹੀ ਕਾਮਧੇਨ ਹੈ ਜਿਥੋਂ ਮੁਕਤੀ ਲਈ ਨਾਮ ਪਦਾਰਥ ਦੀ ਪ੍ਰਾਪਤੀ ਹੁੰਦੀ ਹੈ - 'ਭਾਈ ਰੇ ਸੰਤ ਜਨਾ ਕੀ ਰੇਣੁ।। ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ।।', ਪੰਨਾ ੧੮.

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਵਾਕ ਹਨ ਕਿ ਕਿਉਂਕਿ ਨਾਮ ਦਾ ਖ਼ਜ਼ਾਨਾ ਭਗਤਾਂ ਦੇ ਹੀ ਮਨ ਵਿਚ ਵਸਦਾ ਹੈ, ਇਸ ਲਈ ਇਥੋਂ ਦਾਤ ਪ੍ਰਾਪਤ ਕਰ ਕੇ ਜਨਮ ਮਰਣ ਦਾ ਅਤੇ ਮਾਇਆ ਮੋਹ ਆਦਿ ਦਾ ਦੁਖ, ਸਾਧੂ ਸੰਗਤਿ

ਕੀਤਿਆਂ ਨਸ ਜਾਂਦਾ ਹੈ। ਪ੍ਰਭੂ ਜਿਸ ਤੇ ਦਇਆਲ ਹੁੰਦਾ ਹੈ ਉਸ ਨੂੰ ਹੀ ਇਹ ਸਾਧੂ-ਮਿਲਾਪ ਪ੍ਰਾਪਤ ਹੁੰਦਾ ਹੈ, ਫ਼ਲਸਰੂਪ ਉਹੀ ਮਨੁਖ, ਵਾਹਗੁਰੂ ਦਾ ਅੰਮ੍ਰਿਤਮਈ ਨਾਮ ਜਪ ਲੈਂਦਾ ਹੈ - 'ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ।। ਜਨਮ ਮਰਣ ਮੋਹੁ ਦੁਖੁ ਸਾਧੂ ਸੰਗਿ ਨਸੈ।।.. ਜਿਨ੍ ਕਉ ਭਏ ਦਇਆਲ ਤਿਨ੍ ਸਾਧੂ ਸੰਗੁ ਭਇਆ।। ਅੰਮ੍ਰਿਤੁ ਹਰਿ ਕਾ ਨਾਮੁ ਤਿਨੀ ਜਨੀ ਜਪਿ ਲਇਆ।।', ਪੰਨਾ ੭੬੧. ਭਗਤ ਕਬੀਰ ਜੀ ਨੇ ਤਾਂ ਇਹ ਬਚਨ ਫ਼ੁਰਮਾ ਕੇ ਗਲ ਹੀ ਮੁਕਾ ਦਿਤੀ ਕਿ ਜਿਵੇਂ ਘੋੜੇ ਤੋਂ ਬਿਨਾਂ ਕੋਈ ਸਵਾਰ ਨਹੀਂ ਬਣ ਸਕਦਾ, ਇਸੇ ਤਰ੍ਹਾਂ ਸਾਧੂ ਤੋਂ ਬਿਨਾਂ ਤਾਂ ਪਰਮੇਸ਼ਰ ਦਾ ਦਰਬਾਰ ਹੀ ਨਹੀਂ ਮਿਲ ਸਕਦਾ - 'ਘੋਰ ਬਿਨਾ ਕੈਸੇ ਅਸਵਾਰ।। ਸਾਧੂ ਬਿਨੁ ਨਾਹੀ ਦਰਵਾਰ।।', ਪੰਨਾ ੮੭੨.

**ਕੋਟਿ ਪਰਾਧ ਮਿਟਹਿ ਜਨ ਸੇਵਾ ਹਰਿ ਕੀਰਤਨੁ ਰਸਿ ਗਾਈਐ ॥**

**ਈਹਾ ਸੁਖੁ ਆਗੈ ਮੁਖ ਊਜਲ ਜਨ ਕਾ ਸੰਗੁ ਵਡਭਾਗੀ ਪਾਈਐ ॥੨॥**

-- ਵਾਹਿਗੁਰੂ ਦੇ ਜਨ, ਭਗਤ ਦੀ ਸੇਵਾ ਕੀਤਿਆਂ ਕ੍ਰੋੜਾਂ ਪਾਪ ਕੀਤੇ, ਮਿਟ ਜਾਂਦੇ ਹਨ ਅਤੇ ਮਨੁਖ ਹਰੀ ਦੀ ਕੀਰਤੀ, ਸਿਫ਼ਤ ਸਲਾਹ, ਸਿਮਰਨ ਵਿਚ ਲਗ ਜਾਂਦਾ ਹੈ।

ਸੁਖਮਨੀ ਸਾਹਿਬ ਵਿਚ ਪਾਤਸ਼ਾਹ ਨੇ ਫ਼ੁਰਮਾਣ ਕੀਤਾ ਹੈ ਕਿ ਸਾਰੇ ਮਤਾਂ ਦਾ ਸਿਟਾ ਨਾਮ ਹੈ ਅਤੇ ਗੋਬਿੰਦ ਭਗਤਾਂ ਦੇ ਹਿਰਦੇ ਵਿਚ ਵਸਦਾ ਹੈ। ਸਾਧੂ ਜਨ ਦੀ ਸੰਗਤਿ ਨਾਲ ਕ੍ਰੋੜਾਂ ਅਪਰਾਧ ਮਿਟ ਜਾਂਦੇ ਹਨ ਅਤੇ ਸੰਤ ਦੀ ਕਿਰਪਾ ਨਾਲ ਜਮਾਂ ਤੋਂ ਬਚ ਜਾਈਦਾ ਹੈ - 'ਸਗਲ ਮਤਾਂਤ ਕੇਵਲ ਹਰਿ ਨਾਮ।। ਗੋਬਿੰਦ ਭਗਤ ਕੈ ਮਨਿ ਬਿਸ੍ਰਾਮ।। ਕੋਟਿ ਅਪ੍ਰਾਧ ਸਾਧ ਸੰਗਿ ਮਿਟੈ।। ਸੰਤ ਕ੍ਰਿਪਾ ਤੇ ਜਮ ਤੇ ਛੁਟੈ।।'

ਪਾਤਸ਼ਾਹ, ੧੩੫੭ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਜੋ ਜਨ ਸਾਧ ਜਨਾਂ ਦੇ

ਸੰਗ ਰਹਿ ਕੇ ਨਿਤਾਪ੍ਰਤੀ ਗੋਪਾਲ ਦਾ ਨਾਮ ਜਪਦੇ ਹਨ, ਗੋਬਿੰਦ ਦੇ ਗੁਣ ਰਮਤ, ਉਚਾਰਣ ਕਰਦੇ ਹਨ, ਉਨ੍ਹਾਂ ਦੇ ਪਾਪਾਂ ਦੀ ਮੈਲ ਕਟੀ ਜਾਂਦੀ ਹੈ ਅਤੇ ਉਹ ਨਿਰਮਲ ਹੋ ਜਾਂਦੇ ਹਨ - 'ਨਿਰਮਲੰ ਸਾਧ ਸੰਗਹ ਜਪੰਤਿ ਨਾਨਕ ਗੋਪਾਲ ਨਾਮੰ।। ਰਮੰਤਿ ਗੁਣ ਗੋਬਿੰਦ ਨਿਤ ਪ੍ਰਤਹ।।'

-- ਇਹ ਕੀਤਿਆਂ ਇਸ ਜਹਾਨ ਅੰਦਰ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਪਰਲੋਕ ਨੂੰ ਉਜਲਾ ਮੁਖ ਲੈ ਕੇ ਜਾਂਦਾ ਹੈ। ਪਰ ਉਸ ਦੇ ਜਨ, ਭਗਤ ਦਾ ਸੰਗ ਵਡੇ ਭਾਗਾਂ ਨਾਲ ਮਿਲਦਾ ਹੈ।੨।

ਇਸੇ ਲਈ ਪੰਚਮ ਪਾਤਸ਼ਾਹ ਨੇ ਬਚਨ ਕੀਤੇ ਹਨ ਕਿ ਜੇ ਸਦਾ ਸੁਖ ਪ੍ਰਾਪਤ ਕਰਨ ਦੀ ਚਾਹ ਹੈ ਤਾਂ ਉਸ ਦਾ ਇਕੋ ਹੀ ਰਸਤਾ ਗੁਰੂ ਨੇ ਦਸਿਆ ਹੈ, ਉਹ ਹੈ ਸਾਧੂ ਦੀ ਸੰਗਤਿ। ਉਥੇ ਸਿਰਫ਼ ਨਾਮ ਜਪੀਦਾ ਹੈ ਅਤੇ ਸਾਧ ਦੀ ਸੰਗਤਿ ਭਵਜਲ ਸਾਗਰ ਤੋਂ ਪਾਰ ਕਰਨ ਦੇ ਸਮਰੱਥ ਹੈ - 'ਜੇ ਲੋੜਹਿ ਸਦਾ ਸੁਖੁ ਭਾਈ।। ਸਾਧੂ ਸੰਗਤਿ ਗੁਰਹਿ ਬਤਾਈ।। ਊਹਾ ਜਪੀਐ ਕੇਵਲ ਨਾਮ।। ਸਾਧੂ ਸੰਗਤਿ ਪਾਰਗਰਾਮ।।', ਪੰਨਾ ੧੧੮੨.

**ਰਸਨਾ ਏਕ ਅਨੇਕ ਗੁਣ ਪੂਰਨ ਜਨ ਕੀ ਕੇਤਕ ਉਪਮਾ ਕਹੀਐ ॥**

**ਅਗਮ ਅਗੋਚਰ ਸਦ ਅਬਿਨਾਸੀ ਸਰਣਿ ਸੰਤਨ ਕੀ ਲਹੀਐ ॥੩॥**

-- ਮਨੁਖ ਕੋਲ ਗੁਣਾਂ ਦਾ ਬਖਾਨ ਕਰਣ ਲਈ ਜਿਹਵਾ ਤਾਂ ਇਕੋ ਹੀ ਹੈ ਪਰ ਭਗਤ ਜਨ ਤਾਂ ਅਨੇਕਾਂ ਗੁਣਾਂ ਨਾਲ ਪਰਿਪੂਰਨ ਹਨ। ਕਿਤਨੀ ਕੁ ਮਹਿਮਾ ਗਾਈ ਜਾ ਸਕਦੀ ਹੈ ! ਭਾਵ, ਸਾਡੀ ਸੀਮਤ ਸਮਰੱਥਾ ਨਾਲ ਵਾਹਗੁਰੂ ਦੇ ਭਗਤ ਜਨ ਦੀ ਮਹਿਮਾ ਨਹੀਂ ਗਾਈ ਜਾ ਸਕਦੀ।

ਪਾਤਸ਼ਾਹ, ੨੦੭ ਪੰਨੇ ਤੇ ਵੀ ਅਜਿਹੀ ਹੀ ਅਸਮਰੱਥਾ ਜ਼ਾਹਰ ਕਰਦੇ ਹਨ ਕਿ 'ਮੈਂ ਉਨ੍ਹਾਂ ਭਗਤ ਜਨਾਂ ਤੋਂ ਬਲਿਹਾਰ ਜਾਂਦਾ ਹਾਂ ਜਿਨ੍ਹਾਂ ਨੂੰ ਸਿਰਫ਼ ਨਾਮ ਦਾ ਹੀ ਅਧਾਰ ਹੈ। ਅਜਿਹੇ ਭਗਤ ਜਨਾਂ ਦੀ ਮਹਿਮਾ ਕੀ ਬਿਆਨ ਕਰੀਏ

ਜੋ ਪਾਰਬ੍ਰਹਮ ਦੇ ਨਾਮ ਵਿਚ ਰੰਗੇ ਹੋਏ ਹਨ ਅਤੇ ਹਰ ਤਰ੍ਹਾਂ ਦੇ ਸੁਖ, ਸਹਜ ਅਤੇ ਅਨੰਦ ਦੀ ਅਵਸਥਾ ਦੇ ਦਾਤੇ ਵੀ ਉਹੀ ਹਨ, ਉਨ੍ਹਾਂ ਵਰਗਾ ਹੋਰ ਕੋਈ ਦਾਤਾ ਨਹੀਂ। ਜਿਨ੍ਹਾਂ ਨੂੰ ਖ਼ੁਦ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਲਗੀ ਰਹਿੰਦੀ ਹੈ, ਉਹ ਜਗਤ ਦਾ ਉਧਾਰ ਕਰਨ ਆਏ ਹੁੰਦੇ ਹਨ। ਜੋ ਵੀ ਉਨ੍ਹਾਂ ਦੀ ਸ਼ਰਣ ਵਿਚ ਆ ਜਾਂਦਾ ਹੈ ਉਹ ਤਰ ਜਾਂਦਾ ਹੈ' - 'ਹਉ ਤਾ ਕੈ ਬਲਿਹਾਰੀ॥ ਜਾ ਕੈ ਕੇਵਲ ਨਾਮੁ ਅਧਾਰੀ॥.. ਮਹਿਮਾ ਤਾ ਕੀ ਕੇਤਕ ਗਨੀਐ ਜਨ ਪਾਰਬ੍ਰਹਮ ਰੰਗਿ ਰਾਤੇ॥ ਸੂਖ ਸਹਜ ਆਨੰਦ ਤਿਨਾ ਸੰਗਿ ਉਨ ਸਮਸਰਿ ਅਵਰ ਨ ਦਾਤੇ ॥ ਜਗਤ ਉਧਾਰਣ ਸੇਈ ਆਏ ਜੋ ਜਨ ਦਰਸ ਪਿਆਸਾ॥ ਉਨ ਕੀ ਸਰਣਿ ਪਰੈ ਸੋ ਤਰਿਆ ਸੰਤ ਸੰਗਿ ਪੂਰਨ ਆਸਾ॥'

-- ਭਗਤ ਜਨਾਂ ਦੀ ਸ਼ਰਣ ਪੈਣ ਨਾਲ ਉਸ ਅਗਮ, ਇੰਦ੍ਰੀਆਂ ਦੀ ਪਹੁੰਚ ਤੋਂ ਬਾਹਰ ਤੇ ਹਮੇਸ਼ਾਂ ਰਹਿਣ ਵਾਲੇ ਵਾਹਗੁਰੂ ਤਕ ਪਹੁੰਚ ਬਣ ਜਾਂਦੀ ਹੈ।੩। ਸ਼ਬਦ 'ਸੰਤਨ' ਬਹੁਵਚਨ ਹੈ।

**ਨਿਰਗੁਨ ਨੀਚ ਅਨਾਥ ਅਪਰਾਧੀ ਓਟ ਸੰਤਨ ਕੀ ਆਹੀ ॥**

**ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ ਨਾਨਕ ਲੇਹੁ ਨਿਬਾਹੀ ॥੪॥੭॥**

-- ਮੈਂ ਜੀਵ ਗੁਣਹੀਨ ਹੈ, ਮੰਦ ਕਰਮੀ, ਨਿ-ਖਸਮਾ, ਪਾਪੀ ਹਾਂ। ਪਰ ਮੈਂ ਸੰਤ ਜਨਾਂ ਦੀ ਓਟ ਲਈ ਹੈ, ਆਸਰਾ ਲੈ ਲਿਆ ਹੈ।

-- ਪੰਜਵੇਂ ਨਾਨਕ ਜੀਵ ਵਲੋਂ ਭਗਤ ਜਨਾਂ ਦੇ ਅਗੇ ਤਰਲਾ ਕਰਦੇ ਹਨ ਕਿ ਗ੍ਰਿਹਸਤੀ ਦੀ ਮੋਹ ਮਾਇਆ ਦੇ ਅੰਨ੍ਹੇ ਖੂਹ ਵਿਚ ਡੁਬਦੇ ਜਾਂਦੇ ਇਸ ਜੀਵ ਨੂੰ ਦਾ ਸਾਥ ਦੇ ਕੇ ਤੋੜ, ਵਾਹਗੁਰੂ ਦੇ ਦਰਬਾਰ ਤਕ ਪਹੁੰਚਾ ਦਿਓ।੪।੭।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ, ਪੰਨਾ ੨੦੭ ਤੇ ਬਚਨ ਫ਼ੁਰਮਾਉਂਦੇ ਹਨ ਕਿ ਇਕ ਗਲ ਪਕੀ ਸੁਣੀ ਹੈ ਕਿ ਸਾਧੂ ਜਨਾਂ ਦੀ ਸੰਗਤਿ ਵਿਚ ਪਨਾਹ ਲੈਣ

ਨਾਲ ਪੰਜ ਵੈਰੀਆਂ ਤੋਂ ਖਹਿੜਾ ਛੁਟ ਜਾਂਦਾ ਹੈ, ਵਰਨਾ ਇਸ ਨਿਤਾਣੇ ਇਕੱਲੇ ਜੀਵ ਨੂੰ ਪੰਜ ਵੈਰੀ, ਵਿਕਾਰ ਘੇਰੀ ਰਖਦੇ ਹਨ। ਪ੍ਰਭੂ ਦੀ ਕਿਰਪਾ ਨਾਲ ਮੈਨੂੰ ਸੰਤ ਜਨ ਮਿਲ ਗਏ, ਜਿਨ੍ਹਾਂ ਤੋਂ ਮੈਨੂੰ ਬਚਣ ਦੀ ਆਸ, ਧੀਰਜ ਮਿਲਿਆ। ਉਨ੍ਹਾਂ ਦੀ ਮਿਹਰ ਨਾਲ ਮੈਂ ਗੁਰੂ ਦੇ ਦਿਤੇ ਨਿਰਭਉ ਪ੍ਰਭੂ ਦੇ ਸ਼ਬਦ, 'ਅਖਰ ਦੁਇ' ਦੇ ਜਾਪ ਦੀ ਕਮਾਈ ਕਰ ਲਈ - 'ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ।।.. ਏਕ ਬਾਤ ਸੁਨਿ ਤਾ ਕੀ ਓਟਾ ਸਾਧ ਸੰਗਿ ਮਿਟਿ ਜਾਹੀ।। ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ।। ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ।।', ਪੰਨਾ ੨੦੬. ਇਸ ਅੰਨ੍ਹੇ ਖੂਹ ਵਿਚ ਡੁਬਦੇ ਜਾਂਦੇ ਨੂੰ ਪ੍ਰਭੂ ਨੇ ਸਾਧ ਜਨਾਂ ਦੀ ਸੰਗਤਿ ਵਿਚ ਲਿਆ ਕੇ ਬਚਾ ਲਿਆ - 'ਬੂਡਤ ਅੰਧ ਨਾਨਕ ਪ੍ਰਭ ਕਾਢਤ ਸਾਧ ਜਨਾ ਸੰਗਾਰੀ।।', ਪੰਨਾ ੬੮੧. ਪਾਤਸ਼ਾਹ, ੧੨੦੮ ਪੰਨੇ ਤੇ ਵੀ ਬਚਨ ਕਰਦੇ ਹਨ ਕਿ ਪ੍ਰਭੂ ਆਪਣੇ ਸੰਤ ਜਨਾਂ ਨਾਲ ਮਿਲ ਬੈਠਣ ਵਾਲੇ, ਸਾਰਿਆਂ ਦਾ ਉਧਾਰ ਕਰ ਦਿੰਦਾ ਹੈ। ਅੰਨ੍ਹੇ ਖੂਹ ਵਿਚ ਡੁਬਦੇ ਜਾਂਦੇ ਵੀ ਸਾਧੂ ਦੀ ਸੰਗਤਿ ਮਿਲ ਜਾਣ ਨਾਲ ਪਾਰ ਹੋ ਜਾਂਦੇ ਹਨ। ਇਸ ਲਈ ਉਨ੍ਹਾਂ ਦੇ ਹੀ ਮੁਖ ਸਾਧੂ ਨਾਲ ਜੁੜਦੇ ਹਨ ਜਿਨ੍ਹਾਂ ਦੇ ਧੁਰ ਤੋਂ ਹੀ ਵਡੇ ਭਾਗ ਹੋਣ। ਇਸ ਲਈ ਪਾਤਸ਼ਾਹ ਬੇਨਤੀ ਰੂਪ ਫ਼ੁਰਮਾਣ ਕਰਦੇ ਹਨ ਕਿ ਉਨ੍ਹਾਂ ਭਗਤ ਜਨਾਂ ਦੇ ਚਰਨਾਂ ਦੀ ਧੂੜ ਨਿਤ ਹੀ ਮੰਗੀਏ, ਪ੍ਰਭੂ ਮੇਰੇ ਤੇ ਅਜਿਹੀ ਕਿਰਪਾ ਕਰ ਦਏ - 'ਹਰਿ ਜਨ ਸਗਲ ਉਧਾਰੇ ਸੰਗ ਕੇ।।.. ਬੂਡਤ ਘੋਰ ਅੰਧ ਕੂਪ ਮਹਿ ਤੇ ਸਾਧੂ ਸੰਗਿ ਪਾਰਿ ਪਰੇ।। ਜਿਨ੍ ਕੇ ਭਾਗ ਬਡੇ ਹੈ ਭਾਈ ਤਿਨ੍ ਸਾਧੂ ਸੰਗਿ ਮੁਖ ਜੁਰੇ।। ਤਿਨ੍ ਕੀ ਧੂਰਿ ਬਾਂਛੈ ਨਿਤ ਨਾਨਕੁ ਪ੍ਰਭੁ ਮੇਰਾ ਕਿਰਪਾ ਕਰੇ।।'

ਇਸ ਸਾਰੀ ਵਿਆਖਿਆ ਤੋਂ ਸਾਹਮਣੇ ਆਇਆ ਹੈ, ਜਿਵੇਂ ਕਿ ਪਿਛੇ ਦਸਿਆ ਜਾ ਚੁਕਿਆ ਹੈ, ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ 'ਹੇ

ਮਨੁਖ ! ਜੇ ਤੂੰ ਸਦਾ ਸੁਖ ਦੀ ਕਾਮਨਾ ਕਰਦਾ ਹੈਂ ਤਾਂ ਗੁਰੂ ਸਾਹਿਬ ਦਾ ਉਪਦੇਸ਼ ਹੈ ਕਿ ਸਾਧੂ ਜਨਾਂ ਦੀ ਸੰਗਤਿ ਕਰ' - 'ਜੇ ਲੋੜਹਿ ਸਦਾ ਸੁਖੁ ਭਾਈ।। ਸਾਧੂ ਸੰਗਤਿ ਗੁਰਹਿ ਬਤਾਈ।।', ਪੰਨਾ ੧੧੮੨, ਕਿਉਂਕਿ ਭਗਤ ਨਾਮਦੇਵ ਜੀ ਤਾਂ ਖ਼ੁਦ ਵਾਹਿਗੁਰੂ ਦੇ ਬਚਨ ਹੀ ਇੰਞ ਦਸਦੇ ਹਨ - "*ਮੇਰੇ ਦਾਸ, ਭਗਤ, ਮੇਰਾ ਆਪਣਾ ਸਰੂਪ ਹੁੰਦੇ ਹਨ, ਅਜਿਹੇ ਭਗਤ ਦੇ ਅਖ ਦੇ ਫ਼ੋਰ ਦੇ ਸਮੇਂ ਜਿਤਨੇ ਵੀ ਦਰਸ਼ਨ, ਤਿੰਨੇ ਤਾਪ ਮਿਟਾਉਣ ਦੇ ਸਮਰੱਥ ਅਤੇ ਉਸ ਦੇ ਚਰਨਾਂ ਦੀ ਛੋਹ ਗ੍ਰਿਹਸਤ ਦੇ ਜੰਜਾਲ ਰੂਪੀ ਖੂਹ ਤੋਂ ਕਢ ਲੈਣ ਦੇ ਸਮਰੱਥ ਹੁੰਦੇ ਹਨ। ਮੇਰਾ ਭਗਤ, ਮੇਰੇ ਬੰਨ੍ਹੇ ਹੋਏ ਜੀਵ ਨੂੰ ਤਾਂ ਛਡਾ ਲੈਂਦਾ ਹੈ ਪਰ ਭਗਤ ਦਾ ਬੰਨ੍ਹਿਆਂ ਹੋਇਆ, ਮੇਰੇ ਤੋਂ ਨਹੀਂ ਛਡਾ ਹੁੰਦਾ। ਇਕ ਸਮਾਂ ਅਜਿਹਾ ਵੀ ਆ ਜਾਂਦਾ ਹੈ ਕਿ ਭਗਤ, ਮੈਨੂੰ ਹੀ ਬੰਨ੍ਹ ਲੈਂਦਾ ਹੈ ਤਾਂ ਮੈਂ ਅਗੋਂ ਮਨ੍ਹਾਂ ਨਹੀਂ ਕਰ ਸਕਦਾ*" - 'ਦਾਸ ਅਨਿੰਨ ਮੇਰੋ ਨਿਜ ਰੂਪ।। ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ।।.. ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨਾ ਛੂਟੈ ਮੋਹਿ।। ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ।।', ਪੰਨਾ ੧੨੫੨.

ਕੁਝ ਤਰਕ ਆਉਂਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਹੀ ਰਬ ਹਨ, ਜੋ ਮਿਲਣਾ ਹੈ, ਉਨ੍ਹਾਂ ਤੋਂ ਹੀ ਮਿਲਣਾ ਹੈ। **ਸਹੀ ਹੈ**। ਪਰ ਜਦੋਂ ਪ੍ਰਭੂ ਅਤੇ ਗੁਰੂ ਸਾਹਿਬ ਖ਼ੁਦ ਹੀ ਉਪਦੇਸ਼ ਦੇ ਰਹੇ ਹਨ ਕਿ ਜੇ 'ਸਦਾ ਸੁਖ' ਦੀ ਕਾਮਨਾ ਹੈ ਤਾਂ ਭਗਤ ਜਨਾਂ ਦੀ ਸੰਗਤਿ ਕਰ। **ਸੁਖਮਨੀ ਸਾਹਿਬ** ਵਿਚ ਵੀ ਸਪੱਸ਼ਟ ਹਦਾਇਤ ਹੈ ਕਿ ਜੇ '**ਚਾਰ ਪਦਾਰਥ**', '**ਗੁਰੂ ਦਰਬਾਰ ਵਿਚ ਸੋਭਾ**' '**ਜਨਮ ਮਰਣ ਦੇ ਭੈ ਤੋਂ ਮੁਕਤੀ**' ਆਦਿ ਦੀ ਕਾਮਨਾ ਹੈ ਤਾਂ **ਸਾਧੂ ਜਨਾਂ** ਦੀ ਸ਼ਰਣ ਵਿਚ ਪਉ - 'ਚਾਰਿ ਪਦਾਰਥ ਜੇ ਕੋ ਮਾਗੈ।। ਸਾਧ ਜਨਾ ਕੀ ਸੇਵਾ ਲਾਗੈ।।.. ਜੇ ਕੋ ਅਪੁਨੀ ਸੋਭਾ ਲੋਰੈ।। ਸਾਧ ਸੰਗਿ ਇਹ ਹਉਮੈ ਛੋਰੈ।। ਜੇ ਕੋ ਜਨਮ ਮਰਣ ਤੇ ਡਰੈ।। ਸਾਧ ਜਨਾ ਕੀ ਸਰਨੀ ਪਰੈ।।', ਪੰਨਾ ੨੬੬. ਇਥੇ 'ਸਾਧੂ' ਗੁਰੂ

ਗ੍ਰੰਥ ਸਾਹਿਬ ਨਹੀਂ, 'ਸਾਧ ਜਨਾ' ਬਹੁਵਚਨ ਹੈ। ਸ਼ਬਦ 'ਜਨਾ' ਦਾ ਅਰਥ ਸਪੱਸ਼ਟ ਤੌਰ ਤੇ 'ਭਗਤ ਜਨਾ' ਹੀ ਹੈ। 'ਜਨ' ਤਾਂ ਹਡ ਮਾਸ ਵਿਚ ਹੀ ਹੋ ਸਕਦਾ ਹੈ। ਭਗਤ ਕਬੀਰ ਜੀ ਨੇ, ਭਗਤ ਨਾਮਦੇਵ ਜੀ ਦੇ ਹਵਾਲੇ ਨਾਲ, ਹੋਰ ਵੀ ਸਪੱਸ਼ਟ ਫ਼ੁਰਮਾਣ ਕੀਤਾ ਹੈ ਕਿ ਕੁਝ ਲੋਕ ਪਰਮਾਤਮਾ ਨੂੰ ਢੂੰਢਣ ਦੀ ਕੋਸ਼ਿਸ਼ ਕਰਦੇ ਹਨ ਪਰ ਉਹ ਅੰਨ੍ਹਿਆਂ ਵਾਂਙ ਟਟੋਲੇ ਹੀ ਮਾਰਦੇ ਹਨ। They just grope in darkness. ਕਿਉਂਕਿ ਉਹ ਸੰਤ ਜਨਾਂ ਨੂੰ ਤਾਂ ਸਮਝਦੇ/ਸਿਆਣਦੇ ਹੀ ਨਹੀਂ। ਅਜਿਹਾ ਕਿਵੇਂ ਹੋ ਸਕਦਾ ਹੈ ਕਿ ਭਗਤ ਜਨਾਂ ਦੀ ਸੰਗਤਿ ਤੋਂ ਬਿਨਾਂ ਭਗਵੰਤ, ਵਾਹਗੁਰੂ, ਪ੍ਰਭੂ ਮਿਲ ਪਏ - 'ਢੂੰਢਤ ਡੋਲਹਿ ਅੰਧ ਗਤਿ ਅਰੁ ਚੀਨਤ ਨਾਹੀ ਸੰਤ।। ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ।।', ਪੰਨਾ ੧੩੭੭. ਸਮੁਚੀ ਗੁਰਬਾਣੀ ਦੇ ਦੋ ਪ੍ਰਮੁਖ ਉਪਦੇਸ਼ ਹਨ। ਪਹਿਲਾ ਨਾਮ ਜਪਣਾ ਤੇ ਦੂਜਾ ਭਗਤਾਂ, ਗੁਰਸਿਖਾਂ ਦੀ ਸੰਗਤਿ ਅਤੇ ਸੇਵਾ। ਭਗਤਾਂ, ਸੰਤ ਜਨਾਂ, ਸਾਧੂ ਜਨਾਂ ਦੀ ਸੰਗਤਿ ਕਰਨ ਦਾ ਅਰਥ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਜਾਂ ਮਹਾਨਤਾ ਤੋਂ ਮੁਖ ਮੋੜਨਾ ਕਦਾਪੀ ਨਹੀਂ, ਸਗੋਂ ਗੁਰੂ ਦੇ ਬਚਨਾਂ ਨੂੰ ਮੰਨਣਾ ਹੈ। ਸਮੇਂ ਦੇ ਹਾਲਾਤ ਅਤੇ ਨਕਲੀ 'ਸਾਧੂ-ਸੰਤਾਂ' ਦੀ ਬਹੁਲਤਾ ਦਾ ਅਰਥ ਇਹ ਬਿਲਕੁਲ ਨਹੀਂ ਕਿ ਭਗਤਾਂ, ਸੰਤਾਂ, ਸਾਧੂ ਜਨਾਂ, ਗੁਰਸਿਖਾਂ ਦੀ ਅਣਹੋਂਦ ਹੈ। ਜੋ ਗੁਰੂ ਦੇ ਬਚਨਾਂ ਦਾ ਅਨੁਸਾਰੀ ਨਹੀਂ, ਸਗੋਂ ਉਹ ਹੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਨੂੰ ਨਹੀਂ ਪਛਾਣਦਾ, ਮੰਨਦਾ।